## ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਮੈਡੀਕਲ ਸਿੱਖਿਆ ਭਵਨ, ਸੈਕਟਰ—69, ਐਸ.ਏ.ਐਸ. ਨਗਰ
(ਐਮ.ਈ.1 ਸਾਖਾ)

ਸੇਵਾ ਵਿਖੇ,

- ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ, ਚੰਡੀਗੜ੍ਹ।
- ਡਾਇਰੈਕਟਰ, ਸਿਹਤ ਤੇ (ਸ.ਬ.) ਪੰਜਾਬ, ਚੰਡੀਗੜ੍ਹ।
- ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ/ ਪਟਿਆਲਾ /ਗੁ:ਗੋ:ਸਿੰਘ ਮੈਡੀਕਲ ਕਾਲਜ, ਫਰੀਦਕੋਟ।
- ਪੰਜਾਬ ਰਾਜ ਦੇ ਸਿਵਲ ਸਰਜਨਾਂ ਨੂੰ।
- ਪ੍ਰਿੰਸੀਪਲ ਮੈਡੀਕਲ ਅਫਸਰ, ਬੀ.ਬੀ.ਐਮ.ਬੀ. ਹਸ., ਨੰਗਲ/ਤਲਵਾੜਾ/ਸੁੰਦਰ ਨਗਰ ਅਤੇ ਚੰਡੀਗੜ੍ਹ।
- ਕੈਮੀਕਲ ਐਗਜਾਮੀਨਰ, ਖਰੜ੍ਹ ਪੰਜਾਬ।
- ਮੈਡੀਕਲ ਸੁਪਰਡੰਟ, ਈ.ਐਸ.ਆਈ. ਹਸਪਤਾਲ, ਅੰਮ੍ਰਿਤਸਰ/ਜਲੰਧਰ/ਲੁਧਿਆਣਾ/ਮਾਤਾ ਕੁਸੱਲਿਆ ਹਸਪਤਾਲ, ਪਟਿਆਲਾ।
- ਪ੍ਰਿੰਸੀਪਲ, ਸਿਹਤ ਤੇ ਪਰਿਵਾਰ ਭਲਾਈ ਸਿਖਲਾਈ ਸੰਸਥਾ, ਮੋਹਾਲੀ (ਐਸ.ਏ.ਐਸ. ਨਗਰ)।
- ਮੈਡੀਕਲ ਸੁਪਰਡੰਟ, ਰਾਜਿੰਦਰਾ ਹਸਪਤਾਲ, ਪਟਿਆਲਾ/ਸ੍ਰੀ ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ।
- ਡਿਪਟੀ ਮੈਡੀਕਲ ਸੁਪਰਡੰਟ, ਟੀ.ਬੀ. ਹਸਪਤਾਲ ਪਟਿਆਲਾ/ਟੀ.ਬੀ.ਸੈਨਾਟੋਰੀਅਮ, ਅੰਮ੍ਰਿਤਸਰ।
- ਡਾਇਰੈਕਟਰ, ਸਿਹਤ ਸੇਵਾਵਾਂ (ਪਰਿਵਾਰ ਭਲਾਈ) ਯੂ.ਟੀ. ਸੈਕਟ-16, ਚੰਡੀਗੜ੍ਹ।
- ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਸੈਕਟਰ-32 ਚੰਡੀਗੜ੍ਹ।

**ਨੰ:3ਐਮ.ਈ.1-ਪੰ-2019/** 17396-17417
**ਮਿਤੀ, ਐਸ.ਏ.ਐਸ.ਨਗਰ:** 19-09-2019

ਵਿਸ:- **ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ, ਪਟਿਆਲਾ ਦੇ ਵੱਖ-ਵੱਖ ਵਿਭਾਗਾਂ ਵਿੱਚ ਸਹਾਇਕ ਪ੍ਰਫੈਸਰ ਦੀਆਂ ਤਰੱਕੀ ਕੋਟੇ ਦੀਆਂ ਖਾਲੀ ਆਸਾਮੀਆਂ ਭਰਨ ਬਾਰੇ।**

ਉਪਰੋਕਤ ਵਿਸੇ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਵੱਖ-ਵੱਖ ਵਿਭਾਗਾਂ ਵਿੱਚ ਸਹਾਇਕ ਪ੍ਰੋਫੈਸਰ ਦੀਆਂ ਤਨਖਾਹ ਸਕੇਲ ਰੁਪਏ 37400-67000+8600 ਗ੍ਰੇਡ ਪੇ ਵਿੱਚ ਮੰਨਜੂਰ ਸੁਦਾ ਆਸਾਮੀਆਂ ਵਿੱਚੋਂ ਤਰੱਕੀ ਕੋਟੇ ਦੀਆਂ ਖਾਲੀ ਆਸਾਮੀਆਂ (ਅਨੁਲੱਗ-ੳ) ਨੂੰ ਭਰਨ ਲਈ ਪੀ.ਸੀ.ਐਮ.ਐਸ. ਡਾਕਟਰਾਂ/ਪੀ.ਐਮ.ਈ.ਐਸ. ਡਾਕਟਰਾਂ ਪਾਸੋ ਅਰਜੀਆਂ ਮੰਗੀਆਂ ਜਾਂਦੀਆਂ ਹਨ। ਇਹਨਾਂ ਆਸਾਮੀਆਂ ਲਈ ਨਾਲ ਨੱਥੀ ਪ੍ਰਫਾਰਮੇ (ਅਨੁਲੱਗ-ਅ) ਤੇ ਭਰ ਕੇ ਅਪਲਾਈ ਕਰਨਾ ਹੋਵੇਗਾ। ਇਸ ਪ੍ਰੋਫਾਰਮੇ ਦੀ ਇੱਕ ਕਾਪੀ ਵਿਭਾਗ ਦੀ ਵੈਬ-ਸਾਇਟ http://www.punjabmedicaleducation.org ਤੇ ਵੀ ਉਪਲੱਬਧ ਹੈ। ਯੋਗ ਬਿਨੈਕਾਰ ਮਿਤੀ 15-10-2019 ਸ਼ਾਮ 5:00 ਵਜੇ ਤੱਕ ਅਪਲਾਈ ਕਰ ਸਕਦੇ ਹਨ।

2) ਇਹਨਾਂ ਆਸਾਮੀਆਂ ਲਈ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਕੰਮ ਕਰ ਰਹੇ ਲੈਕਚਰਾਰ ਅਤੇ ਟਿਊਟਰ/ਲੈਕਚਰਾਰ-ਕਮ-ਮੈਡੀਕਲ ਅਫਸਰ ਵੀ ਅਪਲਾਈ ਕਰ ਸਕਦੇ ਹਨ, ਇਹਨਾਂ ਦੀ ਪੱਦ-ਉਨੱਤੀ ਪੰਜਾਬ ਮੈਡੀਕਲ ਐਜੂਕੇਸਨ (ਗਰੁੱਪ ਏ) ਸਰਵਿਸ ਰੂਲਜ, 2016 ਅਨੁਸਾਰ ਹੀ ਵਿਚਾਰੀ ਜਾਵੇਗੀ।

3) ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਖਾਲੀ ਆਸਾਮੀਆਂ ਦਾ ਵੇਰਵਾ ਅਨੁਲੱਗ-2 ਨਾਲ ਨੱਥੀ ਹੈ। ਇਹਨਾਂ ਆਸਾਮੀਆਂ ਦੀ ਗਿਣਤੀ ਘੱਟ ਜਾਂ ਵੱਧ ਸਕਦੀ ਹੈ। ਕਿਸੇ ਵੀ ਵਿਭਾਗ ਵਿੱਚ ਕਿਸੇ ਵੀ ਆਸਾਮੀ ਨੂੰ ਭਰਨ ਜਾਂ ਨਾ ਭਰਨ, ਜਾਂ ਵਾਪਸ ਲੈਣ ਦਾ ਅਧਿਕਾਰ ਸਰਕਾਰ ਪਾਸ ਹੋਵੇਗਾ। ਜੇਕਰ ਇਹ ਵਿਗਿਆਪਨ ਵਾਪਸ ਲਿਆ ਜਾਂਦਾ ਹੈ ਜਾਂ ਆਸਾਮੀਆਂ ਦੀ ਗਿਣਤੀ ਵਾਪਸ ਲਈ ਜਾਂਦੀ ਹੈ ਤਾਂ ਉਸ ਸੂਰਤ ਵਿੱਚ ਬਿਨੈਕਾਰ ਦਾ ਇਨ੍ਹਾਂ ਅਸਾਮੀਆਂ ਤੇ ਕੋਈ ਅਧਿਕਾਰ ਨਹੀ ਹੋਵੇਗਾ।

4) ਇਹਨਾਂ ਆਸਾਮੀਆਂ ਨੂੰ ਪੰਜਾਬ ਮੈਡੀਕਲ ਐਜੂਕੇਸਨ (ਗਰੁੱਪ ਏ) ਰੂਲਜ, 2016 ਵਿੱਚ ਦਰਜ ਉਪਬੰਧਾਂ ਅਨੁਸਾਰ ਭਰਿਆ ਜਾਵੇਗਾ ਅਤੇ ਇਹਨਾਂ ਰੂਲਾਂ ਦੇ ਪੈਰਾ 8(3) ਅਨੁਸਾਰ ਮਿਤੀ 1-1-2019 ਤੱਕ 50 ਸਾਲ ਤੱਕ ਦੀ ਉਮਰ ਵਾਲੇ ਬਿਨੈਕਾਰ ਹੀ ਯੋਗ ਹੋਣਗੇ ਅਤੇ ਇਸ ਤੋ ਵੱਧ ਉਮਰ ਵਾਲੇ ਬਿਨੈਕਾਰ ਯੋਗ ਨਹੀ ਹੋਣਗੇ।

5) ਆਪ ਜੀ ਦੇ ਅਧੀਨ ਕੰਮ ਕਰਦੇ ਸਾਰੇ ਪੀ.ਸੀ.ਐਮ.ਐਸ./ਪੀ.ਐਮ.ਈ.ਐਸ. ਡਾਕਟਰਾਂ ਨੂੰ ਇਹ ਪੱਤਰ ਨੋਟ ਕਰਵਾ ਦਿੱਤਾ ਜਾਵੇ ਅਤੇ ਆਪਣੀ ਦਰਖਾਸਤ ਯੋਗ ਪ੍ਰਣਾਲੀ ਰਾਹੀ ਪ੍ਰਤੀ ਬੇਨਤੀ ਨਾਲ ਲੋੜੀਦੇ ਤਸਦੀਕ ਸੁਦਾ ਸਰਟੀਫਿਕੇਟ ਦੀਆਂ ਕਾਪੀਆਂ ਦੇ ਇਸ ਦਫਤਰ ਨੂੰ ਨਿਰਧਾਰਤ ਮਿਤੀ ਤੋ ਪਹਿਲਾਂ ਪਹਿਲਾਂ ਪੇਸ ਕੀਤੇ ਜਾਣ। ਸਬੰਧਤ ਡਾਕਟਰ ਦੀ ਪੜਾਈ ਦਾ ਤਜਰਬਾ, ਰੂਰਲ ਸੇਵਾ ਤਜਰਬਾ ਆਦਿ ਭਾਵ ਯੋਗਤਾ ਅਰਜੀਆਂ ਅਪਲਾਈ ਕਰਨ ਦੀ ਅੰਤਿਮ ਮਿਤੀ 15-10-2019 ਤੱਕ ਹੀ ਗਿਣਿਆ ਜਾਵੇਗਾ।

6) ਇਸ ਵਿਗਿਆਪਨ ਦੇ ਸਬੰਧ ਵਿੱਚ ਜਿਹੜੀਆਂ ਅਰਜੀਆਂ ਆਪ ਜੀ ਦੇ ਦਫਤਰ ਵਿੱਚ ਪ੍ਰਾਪਤ ਹੋਣ ਉਹ ਅਰਜੀਆਂ ਨਿਸਚਿਤ ਮਿਤੀ ਤੱਕ ਇਸ ਦਫਤਰ ਵਿਖੇ ਪਹੁੰਚਾਉਣ ਨੂੰ ਯਕੀਨੀ ਬਣਾਉਣ ਦੀ ਖੇਚਲ ਕੀਤੀ ਜਾਵੇ।

7) ਇੱਥੇ ਇਹ ਸਪੱਸਟ ਕੀਤਾ ਜਾਂਦਾ ਹੈ ਕਿ ਡਾਕਟਰ ਮਿਤੀ 15-10-2019 ਤੱਕ ਹੀ ਅਪਲਾਈ ਕਰ ਸਕਦੇ ਹਨ ਅਤੇ ਜਿਹੜੇ ਡਾਕਟਰ ਅਪਲਾਈ ਕਰਨਗੇ ਉਹ ਆਪਣੀਆਂ ਅਰਜੀਆਂ ਯੋਗ ਪ੍ਰਣਾਲੀ ਰਾਹੀ ਭੇਜਣ ਦੀ ਖੇਚਲ ਕਰਨ। ਜਿਹੜੀਆਂ ਅਰਜੀਆਂ ਦੀ ਕੇਵਲ ਅਗੇਤੀ ਕਾਪੀ ਪ੍ਰਾਪਤ ਹੋਵੇਗੀ ਜਾਂ ਗਲਤ ਭਰੀਆਂ ਹੋਣਗੀਆ ਜਾਂ ਜਿਹਨਾਂ ਅਰਜੀਆਂ ਨਾਲ ਵਿਦਿਅਕ ਯੋਗਤਾ ਅਤੇ ਤਜਰਬੇ ਸਰਟੀਫਿਕੇਟ ਦੀਆਂ ਸੈਲਫ ਤਸਦੀਕਸੁਦਾ ਕਾਪੀਆਂ ਨਹੀ ਹੋਣਗੀਆਂ, ਜਾਂ ਜਿਹੜੀਆਂ ਅਰਜੀਆਂ ਅਧੂਰੀਆਂ ਭਰੀਆਂ ਹੋਈਆਂ ਜਾਂ ਮਿਥੀ ਮਿਤੀ ਤੋ ਬਾਅਦ ਪ੍ਰਾਪਤ ਹੋਣਗੀਆਂ ਉਨ੍ਹਾਂ ਤੇ ਕੋਈ ਕਾਰਵਾਈ ਨਹੀ ਹੋਵੇਗੀ ਅਤੇ ਬਾਅਦ ਵਿੱਚ ਇਸ ਬਾਰੇ ਕੋਈ ਅਪੀਲ ਜਾਂ ਦਲੀਲ ਨਹੀ ਸੁਣੀ ਜਾਵੇਗੀ।

8) ਪਿਛਲੇ ਵਿਗਿਆਪਨ ਦੌਰਾਨ ਜਿਹੜੀਆਂ ਅਸਾਮੀਆਂ ਨਹੀਂ ਭਰੀਆਂ ਗਈਆਂ ਉਨ੍ਹਾਂ ਨੂੰ ਵਾਪਸ ਲਿਆ ਜਾਂਦਾ ਹੈ। ਜਿਨ੍ਹਾਂ ਬਿਨੈਕਾਰਾਂ ਨੇ ਇਨ੍ਹਾਂ ਅਸਾਮੀਆਂ ਲਈ ਅਪਲਾਈ ਕੀਤਾ ਸੀ, ਉਹ ਇਨ੍ਹਾਂ ਅਸਾਮੀਆਂ ਲਈ ਮੁੜ ਤੋਂ ਅਪਲਾਈ ਕਰ ਸਕਦੇ ਹਨ। ਇਨ੍ਹਾਂ ਸਾਰੀਆਂ ਅਸਾਮੀਆਂ ਲਈ ਪਾਤਰਤਾ ਪੰਜਾਬ ਮੈਡੀਕਲ ਸਿੱਖਿਆ (ਗਰੁੱਪ-ਏ) ਸੇਵਾ ਰੂਲਜ਼, 2016 ਅਨੁਸਾਰ ਹੋਵੇਗੀ।

8) ਆਪ ਨੂੰ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਪੱਤਰ ਇਸ ਵਿਭਾਗ ਦੀ ਵੈਬਸਾਇਟ http://www.punjabmedicaleducation.org ਤੇ ਹੀ ਉਪਲਬੱਧ ਹੈ। ਇਸ ਪੱਤਰ ਨੂੰ ਵਿਭਾਗ ਦੀ ਵੈਬਸਾਇਟ ਤੋਂ ਹੀ ਡਾਊਨਲੋਡ ਕੀਤਾ ਜਾ ਸਕਦਾ ਹੈ। ਵਖੱਰੇ ਤੌਰ ਤੇ ਕੋਈ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ।

ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ

ਪਿੰ:ਅੰ:ਨੰ:3ਐਮ.ਈ.1-ਪੰ-2019/17418 ਮਿਤੀ,ਐਸ.ਏ.ਐਸ.ਨਗਰ: 19-09-19

ਉਤਾਰਾ ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ

ਪਿੰ:ਅੰ:ਨੰ:3ਐਮ.ਈ.1-ਪੰ-2019/17419 ਮਿਤੀ,ਐਸ.ਏ.ਐਸ.ਨਗਰ: 19-09-19

ਉਤਾਰਾ 2 ਐਮ.ਈ.-1 ਸ਼ਾਖਾ ਦਫਤਰ ਡੀ.ਆਰ.ਐਮ.ਈ. ਪੰਜਾਬ ਨੂੰ ਵਿਭਾਗ ਦੀ ਵੈਬ-ਸਾਇਟ ਤੇ ਅੱਪਲੋਡ ਕਰਨ ਲਈ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ

ਅਨੈਕਸਚਰ-ਓ

| SR. NO. | NAME OF DEPARTMENT | VACANT POST | Reservation (Tentative) |
|---|---|---|---|
| 1. | ANATOMY | 2 | 1(SC) |
| 2. | PATHOLOGY/ CLINICAL PATHOLOGY | 5 | |
| 3. | MICROBIOLOGY | 5 | 1 (SC) |
| 4. | PHARMACOLOGY | 3 | 1 (SC) |
| 5. | FORENSIC MEDICINE | 1 | 1 (SC) |
| 6. | COMMUNITY MEDICINE INCLUDING PUBLIC HEALTH | 3 | 2 (SC) |
| 7. | GENERAL SURGERY | 1 | 1 (SC) |
| 8. | OBSTETRICS AND GYNECOLOGY | 5 | 1 (SC) |
| 9. | PEDIATRICS | 1 | 1 (SC) |
| 10. | PSYCHIATRY | 3 | 2 SC & 1 (H) |
| 11. | DERMATOLOGY, VENEROLOGY AND LEPROSY | 1 | |
| 12. | ANESTHESIOLOGY INCLUDING ICCU ETC | 2 | 1 (SC) |
| 13. | RADIO-DIAGNOSIS | 1 | 1 (SC) |
| 14. | RADIOTHERAPY | 4 | 1 (SC) |
| 15. | NUCLEAR MEDICINE | 3 | 1 (SC) |
| 16. | PHYSICAL MEDICINE AND REHABILITATION | 5 | 1 (SC) |
| 17. | HOSPITAL ADMINISTRATION | 3 | 1 (SC) |
| 18. | NEONATOLOGY | 3 | 1 (SC) |
| 19. | CARDIOLOGY | 3 | 1 (SC) |
| 20. | ENDOCRINOLOGY | 3 | 1 (SC) |
| 21. | MEDICAL GASTROENTEROLOGY | 3 | 1 (SC) |
| 22. | MEDICAL ONCOLOGY | 3 | 1 (SC) |
| 23. | NEPHROLOGY | 2 | 1 (SC) |
| 24. | NEUROLOGY | 3 | 1 (SC) |
| 25. | CARDIO VASCULAR & THORACIC SURGERY | 3 | 1 (SC) |
| 26. | UROLOGY | 2 | 1 (SC) |
| 27. | NEURO SURGERY | 3 | 1 (SC) |
| 28. | PEDIATRIC SURGERY | 3 | 1 (SC) |
| 29. | PLASTIC RECONSTRUCTIVE SURGERY | 2 | 1 (SC) |
| 30. | SURGICAL ONCOLOGY | 3 | 1 (SC) |
| | TOTAL VACANT | 84 | |

-6

# ਅਰਜੀ ਦਾ ਫਾਰਮ

ਅਨੁਲੱਗ -ਅ

ਅਰਜੀਆਂ ਪੁੱਜਣ ਦੀ ਆਖਰੀ ਮਿਤੀ ________________

ਸਹਾਇਕ ਪ੍ਰੋਫੈਸਰ ਦੀ ਜਿਹੜੀ ਆਸਾਮੀ ਲਈ ਅਰਜੀ ਪੇਸ ਕੀਤੀ ਹੈ ਦੇ ਵਿਭਾਗ ਦਾ ਨਾਮ ________________

ਅਰਜੀਆਂ ਯੋਗ ਪ੍ਰਣਾਲੀ ਰਾਹੀ ਭੇਜੀਆਂ ਜਾਣ, ਜਿਹੜੀਆਂ ਅਰਜੀਆਂ ਦੀ ਕੇਵਲ ਅਗੇਤੀ ਕਾਪੀ ਹੀ ਪ੍ਰਾਪਤ ਹੋਵੇਗੀ ਜਾਂ ਗਲਤ ਭਰੀਆਂ ਜਾਣਗੀਆਂ ਅਤੇ ਮਿਥੀ ਮਿਤੀ ਤੋਂ ਬਾਅਦ ਪ੍ਰਾਪਤ ਹੋਣਗੀਆਂ, ਉਹਨਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਕੋਈ ਦਲੀਲ ਸੁਣ ਜਾਵੇਗੀ। ਅਰਜੀਆਂ ਮੁਕੰਮਲ ਤੌਰ ਤੇ ਤਿੰਨ ਪੜ੍ਹਤਾਂ ਵਿੱਚ ਅਤੇ ਸਾਰੇ ਦਸਤਾਵੇਜਾਂ ਸਹਿਤ ਭੇਜੀਆਂ ਜਾਣ:-

1. ਡਾਕਟਰ ਦਾ ਨਾਮ ਅਤੇ ਅਹੁੱਦਾ ..........................................................................................

2. ਡਾਕਟਰ ਜਿੱਥੇ ਹੁਣ ਕੰਮ ਕਰ ਰਹੇ ਹਨ:- ..........................................................................

3. ਪੀ.ਸੀ.ਐਮ.ਐਸ. ਵਿੱਚ ਨਿਯੁਕਤੀ ਦੀ ਮਿਤੀ ..........................................................................

ੳ) ਤਦ-ਅਰਥ ਆਧਾਰ ਤੇ :..............................................

ਅ) ਰੈਗੂਲਰ ਆਧਾਰ ਤੇ :..............................................

ੲ) ਸੀਨੀਆਰਤਾ ਨੰਬਰ :..............................................

ਸ) ਸੇਵਾ ਨੰਬਰ :..............................................

ਹ) ਕੈਟਾਗਰੀ : ਜਨਰਲ/ਅਨੁਸੂਚਿਤ ਜਾਤੀ/ਪਛੜੀ ਸ੍ਰੇਣੀ/ਹੋਰ

4. ਰੂਰਲ ਸੇਵਾ ਦਾ ਵੇਰਵਾ (ਸਹੀ ਮਿਤੀਆਂ ਸਹਿਤ)

ੳ) ਥਾਵਾਂ

.....................................................................................................................

.....................................................................................................................

.....................................................................................................................

.....................................................................................................................

ਅ) ਹਰ ਸਥਾਨ ਤੇ ਕੀਤੀ ਗਈ ਨੌਕਰੀ ਦਾ ਮੁਕੰਮਲ ਵੇਰਵਾ

.....................................................................................................................

.....................................................................................................................

.....................................................................................................................

.....................................................................................................................

5. ੳ) ਸਰਕਾਰੀ ਸੇਵਾ ਦਾ ਵੇਰਵਾ:-

.....................................................................................................................

.....................................................................................................................

.....................................................................................................................

.....................................................................................................................

ਅ) ਉਕਤ ਸਰਕਾਰੀ ਸੇਵਾ ਦੇ ਵੇਰਵੇ ਵਿੱਚੋ ਟੀਚਿੰਗ ਸੇਵਾ ਦਾ ਵੇਰਵਾ:-

.............................................................................................................................

.............................................................................................................................

.............................................................................................................................

6. ਮੈਟ੍ਰਿਕ ਦੇ ਸਰਟੀਫਿਕੇਟ ਤੇ ਦਰਸਾਈ ਜਨਮ ਮਿਤੀ ..................................................

(ਸਬੂਤ ਵੱਜੋ ਸਰਟੀਫਿਕੇਟ ਦੀ ਕਾਪੀ ਨੱਥੀ ਕੀਤੀ ਜਾਵੇ)

7. ਇਹ ਤਸਦੀਕ ਕੀਤਾ ਜਾਵੇ ਕਿ ਤੁਸੀ ਅਨੁਸੂਚਿਤ ਜਾਤੀ/ਪਛੜੀਆਂ ਸ੍ਰੇਣੀਆਂ ਜਾਂ ਇੰਡੀਅਨ ਆਰਮੀ ਕੋਰਸ ਤੇ ਰਲੀਵ ਹੋਏ ਅਫਸਰ ਹੋ, ਇਸ ਸਬੰਧੀ ਸਬੂਤ ਵੱਜੋ ਸਰਟੀਫਿਕੇਟ ਨੱਥੀ ਕੀਤਾ ਜਾਵੇ:- ............................................

8. ਹੁਣ ਪੜ੍ਹਾਈ ਦੀ ਯੋਗਤਾ:-...................................................................................................

9. ਪੋਸਟ ਗਰੈਜੂਏਟ ਕਰਨ ਦੀ ਮਿਤੀ ਸਪੈਸਲਿਟੀ ਅਤੇ ਟ੍ਰੇਨਿੰਗ ਦਾ ਸਮਾ ਦੱਸਿਆ ਜਾਵੇ:-

.............................................................................................................................

.............................................................................................................................

10. ਕੀ ਦਸਵੀ ਪੱਧਰ ਤੱਕ ਪੰਜਾਬੀ ਵਿਸੇ ਨਾਲ ਪ੍ਰਿਖਿਆ ਪਾਸ ਕੀਤੀ ਹੈ (ਸਬੂਤ ਵੱਜੋ ਸਰਟੀਫਿਕੇਟ ਦੀ ਕਾਪੀ ਨੱਥੀ ਕੀਤੀ ਜਾਵੇ।

11. ਵਿਭਾਗ ਜਿਸ ਵਿੱਚ ਤੁਸੀ ਲੱਗਣਾ ਚਾਹੁੰਦੇ ਹੋ, ਦੱਸਿਆ ਜਾਵੇ ਕਿ ਜੇ ਇੱਕ ਤੋ ਵੱਧ ਵਿਭਾਗਾਂ ਵਿੱਚ ਯੋਗਤਾ ਰੱਖਦੇ ਹੋ ਤਾ ਪਹਿਲ ਅਨੁਸਾਰ ਦੱਸੋ :-

...........................................................................................

.............................................................................................................................

12. ਜਗ੍ਹਾ ਜਿਹੜੇ ਮੇਡੀਕਲ ਕਾਲਜ ਵਿੱਚ ਤੁਸੀ ਲੱਗਣਾ ਚਾਹੁੰਦੇ ਹੋ:- ਪਟਿਆਲਾ/ਅੰਮ੍ਰਿਤਸਰ
(ਤੈਨਾਤੀ ਦਾ ਅਧਿਕਾਰ ਕੇਵਲ ਸਰਕਾਰ ਪਾਸ ਹੈ)

ਮਿਤੀ ......................
ਸਥਾਨ ......................

ਉਮੀਦਵਾਰ ਦੇ ਹਸਤਾਖਰ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਜਿਹੜੀ ਸੂਚਨਾ ਉੱਪਰ ਦੱਸੀ ਗਈ ਹੈ, ਉਹ ਕਰਮਚਾਰੀ ਦੀ ਸੇਵਾ ਰਿਕਾਰਡ ਮੁਤਾਬਿਕ ਹੈ ਅਤੇ ਬਿਲਕੁੱਲ ਠੀਕ ਹੈ। ਉਮੀਦਵਾਰ ਵਿਰੁੱਧ ਕੋਈ ਸਿਕਾਇਤ/ਇੰਨਕੁਆਰੀ ਨਹੀ ਚੱਲ ਰਹੀ ਹੈ ਅਤੇ ਇਹਨਾਂ ਦਾ ਕੰਮ-ਕਾਜ ਤਸੱਲੀਬਖਸ ਹੈ। ਉਮੀਦਵਾਰ ਉਕਤ ਆਸਾਮੀ ਲਈ ਪੜ੍ਹਾਈ ਅਤੇ ਯੋਗਤਾਵਾਂ ਰੱਖਦਾ ਹੈ।

ਕੰਟਰੋਲਿੰਗ ਅਫਸਰ